ਸੇਵਾ ਵਿਖੇ,

ਜਿਲਾ ਸਿੱਖਿਆ ਅਫਸਰ

ਗੁਰਦਾਸਪੁਰ ।

ਨੰਬਰ :- 1512 ਮਿਤੀ:- 28-12-24

ਵਿਸ਼ਾ G.S INTERNATIONALSEN SEC PUBLIC SCHOOL, ( ਜਿਲਾ ਗੁਰਦਾਸਪੁਰ )ਦਾ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਬਾਰੇ ।

ਹਵਾਲਾ :- ਆਪ ਦਾ ਪੱਤਰ ਨੰਬਰ 10937 ਮਿਤੀ: 12/12/2024

ਇਹ ਸੂਚਿਤ ਕੀਤਾ ਜਾਂਦਾ ਹੈ ਕਿ ਵਿਸ਼ਾ ਅੰਕਿਤ ਸਕੂਲ ਦੀ ਇਮਾਰਤ ਦਾ ਨਿਰੀਖਣ ਉਪ ਮੰਡਲ ਇੰਜੀਨੀਅਰ ਉਸਾਰੀ ਉਪ ਮੰਡਲ ਨੰ 1,ਬਟਾਲਾ ਵੱਲੋਂ ਕੀਤਾ ਗਿਆ ਹੈ । ਉਹਨਾਂ ਵੱਲੋਂ ਕੀਤੀ ਗਈ ਸਿਫਾਰਿਸ਼ ਦੇ ਆਧਾਰ ਤੇ ਹੇਠ ਲਿਖੀਆਂ ਸ਼ਰਤਾ ਅਨੁਸਾਰ (ਮਿਤੀ 24/12/2024 ਤੋਂ 31.03.2027 )ਤੱਕ ਬਿਲਡਿੰਗ ਸੁਰੱਖਿਆਂ ਸਰਟੀਫਿਕਟ ਜਾਰੀ ਕੀਤਾ ਜਾਂਦਾ ਹੈ ।

ਸ਼ਰਤਾਂ:-
1) ਸਕੂਲ ਅਥਾਰਟੀ /ਮੈਨਜਮੈਂਟ ਦੀ ਇਹ ਨਿੱਜੀ ਜਿੰਮੇਂਵਾਰੀ ਹੋਵੇਗੀ ਕਿ ਉਹ ਸਕੂਲ ਦੀ ਇਮਾਰਤ ਦੀ ਲੋੜੀਂਦੀ ਸਲਾਨਾ ਮੁਰੰਮਤ ਅਤੇ ਦੇਖਭਾਲ ਕਰਨ ਦਾ ਪਾਬੰਧ ਹੋਵੇਗਾ ।
2) ਕੁਦਰਤੀ ਆਫਤ ਕਰਕੇ ਜਾਂ ਕਿਸੇ ਹੋਰ ਵੀ ਕਾਰਨ ਸਕੂਲ ਦੀ ਇਸ ਇਮਾਰਤ ਦੀਆਂ ਦੀਵਾਂਰਾਂ/ਸਲੈਬ ਆਦਿ ਵਿੱਚ ਕੋਈ ਕਰੈਕ/ਸੈਟਲਮੈਂਟ ਜਾਂ ਪਲਸਤਰ ਆਦਿ ਵਿੱਚ ਕਿਤੇ ਕੋਈ ਵੀ ਨੁਕਸ ਉਹਨਾਂ ਦੇ ਧਿਆਨ ਵਿੱਚ ਆਉਂਦਾ ਹੈ ਤਾਂ ਉਹ ਸਕੂਲ ਦੇ ਉਸ ਹਿੱਸੇ ਦੀ ਵਰਤੋਂ ਨਹੀ ਕਰਣਗੇ ਅਤੇ ਤਰੁੰਤ ਸਕੂਲ ਦੀ ਇਮਾਰਤ ਦਾ ਮੁੜ ਨਰੀਖਣ ਕਰਾਉਣ ਦੇ ਪਾਬੰਧ ਹੋਣਗੇ। ਇਸ ਤਰਾਂ ਨਾ ਕਰਨ ਤੇ ਜੇਕਰ ਕੋਈ ਅਣ-ਸੁਖਾਵੀ ਘਟਨਾ ਵਾਪਰਦੀ ਹੈ ਤਾਂ ਸਕੂਲ ਅਥਾਰਟੀ/ਮੈਨਜਮੈਂਟ ਉਸ ਲਈ ਜਿੰਮੇਂਵਾਰ ਹੋਣਗੇ ।
3) ਸਕੂਲ ਦੇ ਬਾਹਰ ਜਾਂਦੀ ਸੜਕ ਉਪਰ ਪ੍ਰਾਪਰ ਸਕੂਲ ਸਾਈਨ ਬੋਰਡ ਅਤੇ ਜੇਬਰਾ ਕਰਾਸਿੰਗ ਸਕੂਲ ਅਧਿਕਾਰੀਆਂ/ਮੈਨੇਜਮੈਂਟ ਵੱਲੋਂ ਆਪਣੇ ਖਰਚੇ ਤੇ ਤੁਰੰਤ ਲਗਵਾਏ ਜਾਣ।
4) ਫਾਇਰ ਸੇਫਟੀ ਸਰਟੀਫਿਕਟ ਹਰ ਸਾਲ ਸਕੂਲ ਅਥਾਰਟੀ ਵੱਲੋ ਪ੍ਰਾਪਤ ਕਰਕੇ ਇਸ ਦਫਤਰ ਪਾਸ ਜਮਾਂ ਕਰਵਾਇਆ ਜਾਵੇਗਾ
5) ਸਕੂਲ ਅਥਾਰਟੀ ਮੈਨਜਮੈਟ ਸਕੂਲ ਵਿੱਚ ਪੀਣ ਵਾਲੇ ਸਾਫ ਪਾਣੀ ਦੇ ਇੰਤਜਾਮ ਸਬੰਧੀ ਪਬਲਿਕ ਹੈਲਥ ਵਿਭਾਗ ਪਾਸੋਂ ਐਨ.ਓ.ਸੀ. ਲੈਣ ਦਾ ਪਾਬੰਧ ਹੋਵੇਗਾ ।
6) ਸਕੂਲ ਬਿਲਡਿੰਗ ਸੁਰੱਖਿਆ ਸਬੰਧੀ ਮਾਣਯੋਗ ਅਦਾਲਤ/ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਲਈ ਸਕੂਲ ਅਥਾਰਟੀ/ਮੈਨਜਮੈਂਟ ਪਾਬੰਧ ਹੋਵੇਗੀ ।
7) ਸਕੂਲ ਅਥਾਰਟੀ ਵੱਲੋਂ ਪੋਰਟੇਬਲ ਫਾਇਰ ਐਗਜੀਟਿੰਗ ਸਟੇਅਰਜ਼ ਪ੍ਰੋਵਾਇਡਿਡ ਕਰਵਾਉਣੀਆਂ ਯਕੀਨੀ ਬਣਾਈਆਂ ਜਾਣ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਲੋ:ਨਿ:ਵਿ: ਭ ਤੇ ਮ ਸ਼ਾਖਾ,
ਬਟਾਲਾ।

ਪਿੱਠ ਅੰਕਣ ਨੰ ਮਿਤੀ

ਉਪਰੋਕਤ ਦਾ ਉਤਾਰਾ, ਪ੍ਰਿੰਸੀਪਲ G.S INTERNATIONALSEN SEC PUBLIC SCHOOL, ਜਿਲਾ ਗੁਰਦਾਸਪੁਰ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਕਾਰਜਕਾਰੀ ਇੰਜੀਨੀਅਰ ,
ਉਸਾਰੀ ਮੰਡਲ ਲੋ.ਨਿ.ਵਿ ਭਤੇਮ ਸ਼ਾਖਾ,
ਬਟਾਲਾ ।